# Visit of the Prime Minister of Nepal to India (April 01-03, 2022)

March 28, 2022

## ਨੇਪਾਲੀ ਪ੍ਰਧਾਨ ਮੰਤਰੀ ਦੀ ਭਾਰਤ ਫੇਰੀ (01-03 ਅਪ੍ਰੈਲ, 2022)

28 ਮਾਰਚ, 2022

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਨੇਪਾਲੀ ਪ੍ਰਧਾਨ ਮੰਤਰੀ Rt. ਮਾਨਯੋਗ ਸ਼ੇਰ ਬਹਾਦੁਰ ਦੇਉਬਾ ਆਪਣੀ ਜੀਵਨ ਸਾਥੀ ਡਾ. ਆਰਜ਼ੂ ਦੇਉਬਾ ਨਾਲ 1-03 ਅਪ੍ਰੈਲ 2022 ਤੱਕ ਭਾਰਤ ਦੀ ਫੇਰੀ ਕਰਨਗੇ।

ਜੁਲਾਈ, 2021 ਵਿੱਚ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਨੇਪਾਲੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਦੁਵੱਲੀ ਵਿਦੇਸ਼ ਯਾਤਰਾ ਹੋਵੇਗੀ। ਪ੍ਰਧਾਨ ਮੰਤਰੀ ਨਾਲ ਇੱਕ ਉੱਚ-ਪੱਧਰੀ ਵਫ਼ਦ ਵੀ ਆਵੇਗਾ।

ਨੇਪਾਲ ਦੇ ਪ੍ਰਧਾਨ ਮੰਤਰੀ 2 ਅਪ੍ਰੈਲ ਨੂੰ ਉਪ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਗੇ ਅਤੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨਗੇ। ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇਪਾਲ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨਗੇ। ਨਵੀਂ ਦਿੱਲੀ ਵਿੱਚ ਸਰਕਾਰੀ ਰੁਝੇਵਿਆਂ ਤੋਂ ਛੁੱਟ ਨੇਪਾਲ ਦੇ ਪ੍ਰਧਾਨ ਮੰਤਰੀ ਵਾਰਾਣਸੀ (ਯੂਪੀ) ਦਾ ਦੌਰਾ ਕਰਨਗੇ।

ਭਾਰਤ ਅਤੇ ਨੇਪਾਲ ਦਰਮਿਆਨ ਸਦੀਆਂ ਪੁਰਾਣੀ ਵਿਸ਼ੇਸ਼ ਦੋਸਤੀ ਅਤੇ ਸਹਿਯੋਗ ਦੇ ਸਬੰਧ ਰਹੇ ਹਨ। ਹਾਲੀਆ ਸਾਲਾਂ ਵਿੱਚ ਸਹਿਯੋਗ ਦੇ ਸਾਰੇ ਖੇਤਰਾਂ ਵਿੱਚ ਹੋ ਰਹੀ ਸਾਂਝੇਦਾਰੀ ਵਿੱਚ ਵੱਡਾ ਵਾਧਾ ਹੋਇਆ ਹੈ। ਇਸ ਆਉਣ ਵਾਲੇ ਦੌਰੇ ਨਾਲ ਦੋਵਾਂ ਪੱਖਾਂ ਨੂੰ ਇਸ ਵਿਆਪਕ ਸਹਿਯੋਗੀ ਭਾਈਵਾਲੀ ਦੀ ਸਮੀਖਿਆ ਕਰਨ ਅਤੇ ਦੋਵਾਂ ਲੋਕਾਂ ਦੇ ਲਾਹੇ ਲਈ ਇਸ ਨੂੰ ਹੋਰ ਅੱਗੇ ਵਧਾਉਣ ਦਾ ਮੌਕਾ ਮਿਲੇਗਾ।

ਨਵੀਂ ਦਿੱਲੀ

28 ਮਾਰਚ, 2022

DISCLAIMER: This is an approximate translation. The original is available in English on MEA's website and may be referred to as the official press release.